# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 02 ਜਨਵਰੀ 2025 ਦਿਨ ਵੀਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇੰਡੋ ਕਨੇਡੀਅਨ ਸੀਨੀਅਰਜ਼ ਸੈਂਟਰ ਸਰੀ ਦਾ ਮਹੀਨਾਵਾਰ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ



ਸਰੀ, 2 ਜਨਵਰੀ : ਇੰਡੋ ਕਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਵੱਲੋਂਮਹੀਨਾਵਾਰ ਕਵੀ ਦਰਬਾਰ ਬੀਤੇ ਐਤਵਾਰ ਨੂੰ ਉਪਰਲੇ ਹਾਲ ਵਿਚ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਕੀਤੀ।

ਇਸ ਕਵੀ ਦਰਬਾਰ ਵਿਚ ਰਣਜੀਤ ਸਿੰਘ ਨਿੱਝਰ,ਪਲਵਿੰਦਰ ਸਿੰਘ ਰੰਧਾਵਾ, ਪ੍ਰਿਤਪਾਲ ਸਿੰਘ ਗਿੱਲ, ਦਰਸ਼ਨ ਸਿੰਘ ਸੰਘਾ, ਸੁਰਜੀਤ ਸਿੰਘ ਮਾਧੋਪੁਰੀ, ਪਵਿੱਤਰ ਕੌਰ ਬਰਾੜ, ਇੰਦਰਜੀਤ ਕੌਰ ਸਿੱਧੂ, ਜਗਜੀਤ ਸਿੰਘ ਸੇਖੋਂ, ਗੁਰਮੀਤ ਸਿੰਘ ਕਾਲਕਟ, ਗੁਰਚਰਨ ਸਿੰਘ ਬਰਾੜ, ਮਨਜੀਤ ਸਿੰਘ ਮੱਲ੍ਹਾ, ਦਵਿੰਦਰ ਕੌਰ ਜੋਹਲ, ਮਲੂਕ ਚੰਦ ਕਲੇਰ, ਬੇਅੰਤ ਸਿੰਘ ਢਿੱਲੋਂ, ਗੁਰਦਰਸ਼ਨ ਸਿੰਘ ਤਤਲਾ, ਸਵਰਨ ਸਿੰਘ ਚਾਹਲ, ਦਰਸ਼ਨ ਸਿੰਘ ਅਟਵਾਲ, ਠਾਣਾ ਸਿੰਘ ਖੋਸਾ, ਦਵਿੰਦਰ ਕੌਰ ਬਛਰਾ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖੂਬ ਰੰਗ ਬੰਨ੍ਹਿਆਂ। ਕਵੀ ਦਰਬਾਰ ਦਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਬਾਖੂਬੀ ਕੀਤਾ।

ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਸਾਰੇ ਕਵੀਆਂ, ਸਰੋਤਿਆਂ ਅਤੇ ਵਿਸ਼ੇਸ਼ ਕਰ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਰੇ ਅਹੁਦੇਦਾਰਾਂ ਦਾ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਅਤੇ ਉਮੀਦ ਜ਼ਾਹਰ ਕੀਤੀ ਕਿ ਭਵਿੱਖ ਵਿਚ ਵੀ ਸਭਨਾਂ ਦਾ ਸਹਿਯੋਗ ਇਸੇ ਤਰ੍ਹਾ ਮਿਲਦਾ ਰਹੇਗਾ। ਇਸ ਮੌਕੇ ਕੁਲਦੀਪ ਸਿੰਘ ਮਸਰਾ ਨੇ ਚਾਹ ਪਕੌੜਿਆਂ ਨਾਲ ਆਪਣੇ ਜਨਮ ਦਿਨ ਦੀ ਖੁਸ਼ੀ ਵਿਚ ਸਾਰਿਆਂ ਨਾਲ ਸਾਂਝੀ ਕੀਤੀ।

## ਚਾਰ ਸਾਹਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿੱਤ ਵਿਚਾਰ ਗੋਸ਼ਟੀ।

ਵਰਲਡ ਪੰਜਾਬੀ ਟਾਈਮਜ਼ – ਸੁਰਿੰਦਰ ਪਾਲ

ਸੰਗਰੂਰ 2 ਜਨਵਰੀ : ਬੀਐਸਐਨਐਲ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਸੰਗਰੂਰ ਵੱਲੋਂ ਚਾਰ ਸਾਹਿਬਜਾਦਿਆਂ , ਮਾਤਾ ਗੁਜਰੀ ਜੀ, ਦੀਵਾਨ ਟੋਡਰ ਮੱਲ ਅਤੇ ਮੋਤੀ ਮਹਿਰਾ ਜੀ ਨੂੰ ਸਮਰਪਿੱਤ ਵਿਚਾਰ ਗੋਸ਼ਟੀ ਦਾ ਆਯੋਜਨ ਪਾਰਕ ਸੰਗਰੂਰ ਵਿਖੇ ਕੀਤਾ ਗਿਆ। ਸ਼ੁਰੂਆਤ ਸ਼੍ਰੀ ਸਾਧਾ ਸਿੰਘ ਵਿਰਕ ਨੇ ਉਪ੍ਰੋਕਤ ਸ਼ਹੀਦਾਂ ਦੇ ਜੀਵਨ ਅਤੇ ਲਾਸਾਨੀ ਸ਼ਹਾਦਤਾਂ ਦਾ ਵਰਨਣ ਇਤਿਹਾਸਿਕ ਘਟਨਾਕ੍ਰਮ ਅਨੁਸਾਰ ਜਜ਼ਬਾਤੀ ਸ਼ਬਦਾਂ ਨਾਲ ਕੀਤਾ। ਸ਼੍ਰੀ ਸ਼ਾਮ ਸੁੰਦਰ ਕੱਕੜ ਨੇ ਵੀ ਸੁੰਦਰ ਸ਼ਬਦਾਂ ਨਾਲ ਕੁਰਬਾਨੀਆਂ ਦਾ ਜਿਕਰ ਕੀਤਾ।

ਇਸ ਮਹੀਨੇਂ ਵਿੱਛੜੀਆਂ ਸ਼ਖ਼ਸੀਅਤਾਂ ਸ਼੍ਰੀ ਦਰਸ਼ਨ ਲਾਲ , ਸ਼੍ਰੀ ਸੁਖਦੇਵ ਸਿੰਘ ਸੰਗਰੂਰ ਦੇ ਸਤਿਕਾਰ ਯੋਗ ਭਰਜਾਈ ਅਤੇ ਸ਼੍ਰੀ ਪਵਿੱਤਰ ਸਿੰਘ ਉੱਪਲੀ ਦੇ ਸਦੀਵੀ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਇਜਹਾਰ ਕੀਤਾ ਗਿਆ ਅਤੇ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜ਼ਲੀ ਪੇਸ਼ ਕੀਤੀ ਗਈ।



ਸ਼੍ਰੀ ਗੁਰਮੇਲ ਸਿੰਘ ਭੱਟੀ ਨੇ ਵੇਜ਼ ਰਵੀਜਨ ਅਤੇ ਪੈਨਸ਼ਨ ਰਵੀਜਨ ਵਿੱਚ ਕੀਤੀ ਜਾ ਰਹੀ ਦੇਰੀ ਲਈ ਕੇਂਦਰ ਸਰਕਾਰ ਦੀ ਪੁਰਜ਼ੋਰ ਸ਼ਬਦਾਂ ਨਾਲ ਨਿਖੇਧੀ ਕੀਤੀ।

ਸੁਨਾਮ ਵਿੱਚ ਬੀਤੇ ਸਮੇਂ ਦਰਮਿਆਨ ਸੜਕ ਹਾਦਸੇ ਦੌਰਾਨ ਮਾਰੇ ਗਏ ਚਾਰ ਮਨਰੇਗਾ ਕਿਰਤੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਸਮਾਜਿਕ ਕਾਰਕੁਨਾਂ ਅਤੇ ਸੰਗਰੂਰ ਮੁੱਖ ਮੰਤਰੀ ਦੇ ਨਿਵਾਸ ਤੇ ਰੋਸ ਮੁਜ਼ਾਹਰਾ ਕਰਨ ਵਾਲੇ 45 ਬੇਰੋਜਗਾਰ ਅਧਿਆਪਕਾਂ ਨੂੰ ਝੂਠੇ ਫੌਜਦਾਰੀ ਕੇਸਾਂ ਵਿੱਚ ਫਸਾਉਣ ਦੀਆਂ ਪੰਜਾਬ ਸਰਕਾਰ ਦੀਆਂ ਕਾਰਵਾਈਆਂ ਦੀ ਘੋਰ ਨਿੰਦਾ ਕੀਤੀ ਗਈ ਅਤੇ ਪ੍ਰਸਤਾਵ ਪਾਸ ਕਰਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇ ਬਾਜੀ ਕੀਤੀ ਗਈ।ਸ਼੍ਰੀ ਸੁਰਿੰਦਰ ਪਾਲ ਨੇ ਬਹੁਤ ਹੀ ਪ੍ਰਭਾਵਸ਼ਾਲੀ ਤਕਰੀਰ ਕੀਤੀ ਜਿਸ ਵਿੱਚ ਉਨ੍ਹਾਂ ਨੇ ਵਿਗਿਆਨਕ ਸੋਚ ਅਪਣਾਉਣ ਤੇ ਜ਼ੋਰ ਦਿੱਤਾ ਅਤੇ ਨਿੱਗਰ ਸਮਾਜ ਦੀ ਉਸਾਰੀ ਲਈ ਤਰਕਸ਼ੀਲਤਾ ਦੇ ਮਹੱਤਵ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਪੈਨਸ਼ਨਰ ਸਾਥੀਆਂ ਨੂੰ ਤਰਕਸ਼ੀਲ ਸੋਸਾਇਟੀ ਪੰਜਾਬ ਦੀ ਸੰਗਰੂਰ ਇਕਾਈ ਵੱਲੋਂ 5 ਜਨਵਰੀ 2025 ਨੂੰ ਪਾਰੁਲ ਪੈਲੇਸ ਸੰਗਰੂਰ ਵਿਖੇ ਪਰਖ ਪ੍ਰੀਖਿਆ ਦੇ ਜੇਤੂ ਵਿਦਿਆਰਥੀਆਂ ਲਈ ਹੋਣ ਵਾਲੇ ਸਨਮਾਣ ਸਮਾਰੋਹ ਵਿਚ ਸ਼ਿਰਕਤ ਕਰਣ ਦੀ ਅਪੀਲ ਕੀਤੀ।

ਸ਼੍ਰੀ ਅਸ਼ਵਨੀ ਕੁਮਾਰ ਦੁਆਰਾ ਰੱਖੇ ਸੰਗਰੂਰ ਯੂਨਿਟ ਵੱਲੋਂ ਅਗਾਮੀ ਸਾਲ( 2026) ਲਈ ਇੱਕ ਡਾਇਰੀ ਤਿਆਰ ਕਰਨ ਦਾ ਪ੍ਰਸਤਾਵ ਪਾਸ ਹੋਇਆ

ਸ਼੍ਰੀ ਹਰਬੰਸ ਸਿੰਘ ਸ਼ੇਰਪੁਰ ਅਤੇ ਸ਼੍ਰੀ ਰਘਬੀਰ ਸਿੰਘ ਛਾਜਲੀ ਨੇ ਅਜੋਕੇ ਸਮਾਜ ਵਿੱਚ ਫੈਲ ਰਹੀਆਂ ਕੁਰੀਤੀਆਂ ਸਬੰਧੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਜਨਤਕ ਜਾਗਰੂਕਤਾ ਦੀ ਲੋੜ ਤੇ ਜੋਰ ਦਿੱਤਾ।

ਮੰਚ ਸੰਚਾਲਨ ਸ਼੍ਰੀ ਸਾਧਾ ਸਿੰਘ ਵਿਰਕ ਵੱਲੋਂ ਕੀਤਾ ਗਿਆ।

ਅੰਤ ਵਿੱਚ ਸ਼੍ਰੀ ਮੋਹਿੰਦਰ ਸਿੰਘ ਚੌਧਰੀ ਨੇ ਦੂਰੋਂ ਨੇੜਿਓਂ ਆਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ।

## ਪੂਰੇ ਹੋਣੇ ਖ਼ਾਬ




ਦਿਲੀ-ਜਜ਼ਬਾਤ ਅਸੀਂ ਲਿਖੀਏ ਨਿੱਝੱਕ ਹੋ ਕੇ,
ਕਲਮਾਂ ਤੇ ਲਫ਼ਜ਼ਾਂ ਦੇ ਕਹਿਣ ਲੋਕੀਂ ਹਾਣੀ ਜੀ।

ਸੱਚੀ-ਸੁੱਚੀ ਭਾਵਨਾ ਹੈ ਵਲ਼ ਛਲ਼ ਰੱਖੀਏ ਨਾ,
ਸ਼ਬਦਾਂ 'ਚ ਦੱਸਦੇ ਹਾਂ ਆਪਣੀ ਕਹਾਣੀ ਜੀ।

ਕੁੜੀਆਂ ਤੇ ਚਿੜੀਆਂ ਨੇ ਰੱਬ ਦੇ ਹੀ ਜੀਵ ਸਾਰੇ,
ਧਰਤੀ ਬਚਾਉਣੀ, ਨਾਲ਼ੇ ਰੁੱਖ, ਪੌਣ, ਪਾਣੀ ਜੀ।

ਹਿੰਮਤਾਂ ਦੇ ਨਾਲ਼ ਸਾਰੇ ਕੱਖ ਕੰਡੇ ਹੂੰਝ ਦੇਣੇ,
ਉਲ਼ਝੀ ਪਈ ਹੈ ਮੇਰੇ ਦੇਸ਼ ਦੀ ਜੋ ਤਾਣੀ ਜੀ।

ਦੱਸਿਆ ਗੁਰਾਂ ਨੇ ਸਾਨੂੰ ਹੌਸਲੇ ਦੇ ਵਿੱਚ ਰਹਿਣਾ,
ਪੜ੍ਹਦੇ ਹਾਂ ਸ਼ਰਧਾ ਦੇ ਨਾਲ਼ ਗੁਰਬਾਣੀ ਜੀ।

ਈਰਖਾ ਤੇ ਚੁਗ਼ਲੀ ਤੋਂ ਬਚ ਕੇ ਹੀ ਰਹੀਏ ਸਦਾ,
ਵੱਡਿਆਂ ਨੇ ਦੱਸੀ ਸਾਨੂੰ ਗੱਲ ਜੋ ਸਿਆਣੀ ਜੀ।

ਬੱਚਿਆਂ ਨੂੰ ਦੱਸੀਏ ਪਿਆਰ ਨਾਲ ਸਭ ਕੁਝ,
ਚੂੰਕਿ ਮੱਤ ਹੁੰਦੀ ਹੈਗੀ ਇਨ੍ਹਾਂ ਦੀ ਨਿਆਣੀ ਜੀ।

ਰਾਜਾ ਅਤੇ ਪਰਜਾ 'ਚ ਰਿਹਾ ਨਾ ਫ਼ਰਕ ਜਦੋਂ,
ਮੁੱਕ ਜਾਣਾ ਝੇੜਾ ਨਾਲੇ ਵੰਡ ਜਿਹੜੀ ਕਾਣੀ ਜੀ।

ਧਨੀ ਤੇ ਗ਼ਰੀਬ ਵਾਲਾ ਭੇਦ ਜਦੋਂ ਮੁੱਕ ਜਾਊ,
ਬੰਦਾ ਹੋਊ ਰਾਜਾ ਅਤੇ ਤੀਵੀਂ ਬਣੂ ਰਾਣੀ ਜੀ।

ਇੱਕ ਦਿਨ ਮਹਿਲਾਂ ਉੱਤੇ ਝੰਡੇ ਗੱਡ ਦੇਣੇ ਉਨ੍ਹਾਂ,
ਗਲ਼ੀਆਂ ਦੀ ਖ਼ਾਕ ਹੈ ਹਮੇਸ਼ਾ ਜਿਨ੍ਹਾਂ ਛਾਣੀ ਜੀ।

ਖ਼ਾਬ ਸਾਰੇ ਪੂਰੇ ਹੋਣੇ ਏਸੇ ਸਾਲ ਸਭਨਾਂ ਦੇ,
ਕਹਿੰਦਾ ਹੈ 'ਸੰਗੀਤ ਨਵ' ਗੱਲ ਸੱਚੀ ਜਾਣੀ ਜੀ।

ਵਰਲਡ ਪੰਜਾਬੀ ਟਾਈਮਜ਼ – ਪ੍ਰੋ. ਨਵ ਸੰਗੀਤ ਸਿੰਘ

## ਬੀ.ਸੀ. ਦੀ ਸੂਬਾਈ ਰੈਸਲਿੰਗ ਟੀਮ ਵਿੱਚ ਪੰਜਾਬੀ ਪਹਿਲਵਾਨਾਂ ਦੀ ਬੱਲੇ ਬੱਲੇ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ



ਸਰੀ, 2 ਜਨਵਰੀ : ਬੀ.ਸੀ. ਸੂਬੇ ਦੇ 19 ਸਾਲ ਤੋਂ ਘੱਟ ਉਮਰ ਦੇ ਪਹਿਲਵਾਨਾਂ ਨੇ ਸੂਬਾਈ ਟੀਮ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ ਕਰਵਾ ਦਿੱਤੀ ਹੈ। ਸੂਬਾਈ ਟੀਮ ਦੇ ਕੁੱਲ 24 ਪਹਿਲਵਾਨਾਂ ਵਿੱਚੋਂ 15 ਪਹਿਲਵਾਨ ਪੰਜਾਬੀ ਮੂਲ ਦੇ ਹਨ। ਇਹ ਸੂਬਾਈ ਟੀਮ 3 ਤੋਂ 5 ਜਨਵਰੀ 2025 ਤੱਕ ਕੈਲਗਰੀ (ਅਲਬਰਟਾ) ਵਿਖੇ ਹੋ ਰਹੇ ਅੰਡਰ-19 'ਡੀਨੋਸ ਕੱਪ ਐਂਡ ਕਲਾਸਿਕ ਰੈਸਲਿੰਗ ਟੂਰਨਾਮੈਂਟ' ਵਿੱਚ ਭਾਗ ਲਵੇਗੀ।

ਸੂਬਾਈ ਟੀਮ ਲਈ ਚੁਣੇ ਗਏ ਇਹਨਾਂ 24 ਪਹਿਲਵਾਨਾਂ ਵਿੱਚ 12 ਲੜਕੇ ਅਤੇ 12 ਲੜਕੀਆਂ ਸ਼ਾਮਲ ਹਨ ਜਿਹਨਾਂ ਵਿੱਚੋਂ 7 ਲੜਕੀਆਂ ਅਤੇ 8 ਲੜਕੇ ਪੰਜਾਬੀ ਮੂਲ ਦੇ ਹਨ। ਇਹ ਸਾਰੇ ਪਹਿਲਵਾਨ ਸੂਬੇ ਦੇ 10 ਵੱਖ ਵੱਖ ਕਲੱਬਾਂ ਨਾਲ ਸੰਬੰਧਿਤ ਹਨ ਜਿਹਨਾਂ ਵਿੱਚ 6 ਪੰਜਾਬੀ ਕਲੱਬ ਸ਼ਾਮਲ ਹਨ।

ਪੰਜਾਬੀ ਪਹਿਲਵਾਨਾਂ ਦੀ ਝੰਡੀ ਗੱਡਣ ਵਾਲੇ ਪਹਿਲਵਾਨਾ ਵਿਚ ਇਰਾਬੀਰ ਸੁਚ, ਗੁਰਲੀਨ ਢਿੱਲੋਂ, ਤਰਨਪ੍ਰੀਤ ਢਿੱਲੋਂ, ਜੈਰੀਤ ਬਾਹੀ, ਖੁਸ਼ਲੀਨ ਝੱਲੀ, ਤਮਨ ਮੁੰਡੀ, ਅੰਬਿਕਾ ਸ਼ੇਰਾਵਤ, ਗੌਰਵ ਬਾਹੀ, ਕਰਨਜੋਤ ਢਿਲੋਂ, ਗੁਰਸ਼ੇਰ ਜੌਹਲ, ਰੀਲੇ ਝੂਟੀ, ਜੋਬਨਪ੍ਰੀਤ ਜੌਹਲ, ਹਰਜੋਤ ਸ਼ੇਰਗਿੱਲ, ਗੁਰਕਰਨ ਗਿੱਲ ਅਤੇ ਉਦੇਪ੍ਰਤਾਪ ਬਿਲਨ ਸ਼ਾਮਲ ਹਨ।

## ਅਗਰਵਾਲ ਧਰਮਸ਼ਾਲਾ ਸਮਾਣਾ ਵਿਖੇ ਜ਼ਰੂਰਤ ਮੰਦਾ ਨੂੰ ਬੂਟ ਜੁਰਾਬਾਂ ਦਿੱਤੀਆਂ ਗਈਆਂ।

ਵਰਲਡ ਪੰਜਾਬੀ ਟਾਈਮਜ਼

ਸਮਾਣਾ 2 ਜਨਵਰੀ : ਅਗਰਵਾਲ ਧਰਮਸ਼ਾਲਾ ਸਮਾਣਾ ਵਿੱਚ ਦਾਨੀ ਸੱਜਣ ਦੇ ਸਹਿਯੋਗ ਨਾਲ ਦੱਸ ਜ਼ਰੂਰਤਮੰਦਾਂ ਨੂੰ ਸਰਦੀ ਤੋਂ ਬਚਣ ਲਈ ਫਲੀਟ ਤੇ ਗਰਮ ਜੁਰਾਬਾ ਦਿੱਤੀਆਂ ਗਈਆਂ।ਇਹ ਨੇਕ ਉਪਰਾਲਾ ਸਟੇਟ ਤੇ ਨੈਸ਼ਨਲ ਅਵਾਰਡ ਈ ਸਾਬਕਾ ਹੈੱਡ ਟੀਚਰ ਪਰਮਜੀਤ ਲਾਲ ਦੀ ਪ੍ਰੇਰਨਾ ਸਦਕਾ ਡਾਕਟਰ ਦਵਿੰਦਰ ਸ਼ਾਰਦਾ ਡੈਟਲ ਹਸਪਤਾਲ ਸਮਾਣਾ ਵੱਲੋਂ ਹਰ ਸਾਲ ਦੀ ਤਰਾਂ ਕੀਤਾ ਗਿਆ।ਡਾਕਟਰ ਸਾਹਿਬ ਨੇ ਹਰ ਸਾਲ ਇਹ ਪ੍ਰੋਜੈਕਟ ਲਗਾਉਣ ਦਾ ਵਾਅਦਾ ਕੀਤਾ ਹੈ। ਬਸ ਪਰਮਜੀਤ ਲਾਲ ਨੇ ਕਿਹਾ ਹੈ ਕਿ ਡਾਕਟਰ ਸ਼ਾਰਦਾ ਪਹਿਲਾ ਵੀ ਜ਼ਰੂਰਤਮੰਦ ਬੱਚਿਆਂ ਦੀ ਸਕੂਲ ਫੀਸ ਦਾ ਖਰਚਾ ਸਟੇਸ਼ਨਰੀ ਅਤੇ ਪੜਨ ਸਮੱਗਰੀ ਵੀ ਮੁਹਈਆ ਕਰਵਾਉਂਦੇ ਹਨ। ਡਾਕਟਰ ਸ਼ਾਰਦਾ ਨੇ ਕਿਹਾ ਹੈ ਕਿ ਜ਼ਰੂਰਤਮੰਦ ਪਰਿਵਾਰਾਂ ਦੀ ਮਦਦ ਕਰਨਾ ਅਸਲ ਸੇਵਾ ਦਾ ਕਾਰਜ ਹੈ। ਇਸ ਮੌਕੇ ਸ਼੍ਰੀ ਮਨੋਜ ਕੁਮਾਰ ਚੋਪੜਾ ਹੈਡ ਟੀਚਰ ਨਵੀਂ ਬਸਤੀ ਸ਼੍ਰੀ ਅਸ਼ੋਕ ਕੁਮਾਰ ਹੈਡ ਟੀਚਰ ਘਿਓਰਾ ਅਤੇ ਸ਼੍ਰੀ ਨੱਥਾ ਸਿੰਘ ਟੀਚਰ ਸਰਕਾਰੀ ਐਲੀਮੈਂਟਰੀ ਸਕੂਲ ਸਹਿਜਪੁਰ ਖੁਰਦ ਹਾਜ਼ਰ ਸਨ ਅੰਤ ਵਿਚ ਸ਼੍ਰੀ ਮਨੋਜ ਕੁਮਾਰ ਹੈੱਡ ਟੀਚਰ ਇਸ ਕਾਰਜ ਲਈ ਡਾਕਟਰ ਸ਼ਾਰਦਾ ਸਾਹਿਬ ਦਾ ਧੰਨਵਾਦ ਕੀਤਾ ਗਿਆ।



## ਪਿੰਡ ਚੰਗਣ ਦੀ ਨੌਜਵਾਨ ਸਭਾ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ, ਨਵੇਂ ਸਾਲ ਅਤੇ ਭੀਮਾ ਕੋਰੇਗਾਂਵ ਦਿਵਸ ਨੂੰ ਸਮਰਪਿਤ ਚਾਹ ਤੇ ਪਕੌੜਿਆਂ ਦਾ ਲੰਗਰ ਲਗਾਇਆ

ਵਰਲਡ ਪੰਜਾਬੀ ਟਾਈਮਜ਼




ਚੰਗਣ 2 ਜਨਵਰੀ : ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਲੰਗਰ ਦੀ ਸੇਵਾ ਬਾਰੇ ਭਵਨਦੀਪ ਸਿੰਘ ਚੰਗਣ ਨੇ ਦੱਸਿਆ ਕਿ ਇਹ ਸਾਰਾ ਪ੍ਰੋਗਰਾਮ ਨਗਰ ਦੇ ਸੂਝਵਾਨ ਨੌਜਵਾਨਾਂ ਨੇ ਰਲ਼-ਮਿਲ ਕੇ ਕੀਤਾ। ਮਾ. ਭੁਪਿੰਦਰ ਸਿੰਘ ਚੰਗਣ ਨੇ ਭੀਮਾ ਕੋਰੇਗਾਂਵ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਆਪਣੇ ਵਿਚਾਰ ਪ੍ਰਗਟ ਕੀਤੇ। 1 ਜਨਵਰੀ 1818 ਵਿੱਚ ਪਿੰਡ ਭੀਮਾ ਕੋਰੇਗਾਂਵ ਵਿਖੇ 500 ਮਹਾਰ ਸੈਨਿਕਾਂ ਅਤੇ 28000 ਪੇਸ਼ਵਾ ਫੌਜਾਂ ਵਿਚਕਾਰ ਲੜੀ ਗਈ, ਜੋ ਇੱਕ ਆਸਾਧਾਰਨ ਬਹਾਦਰੀ ਦਾ ਪ੍ਰਦਰਸ਼ਨ ਕਰਦੀ ਹੈ । ਇਹ ਸਥਾਨ ਅੱਜ ਕ੍ਰਾਂਤੀਕਾਰੀ ਅੰਦੋਲਨਕਾਰੀਆਂ ਲਈ ਪ੍ਰਮੁੱਖ ਕੇਂਦਰ ਹੈ, ਜਿੱਥੇ ਹਰ ਸਾਲ ਹਜ਼ਾਰਾਂ ਲੋਕ ਸ਼ੋਰਿਆ ਦਿਵਸ ਮਨਾਉਣ ਆਉਂਦੇ ਹਨ। ਭੀਮਾ ਕੋਰੇਗਾਂਵ ਨਾ ਸਿਰਫ਼ ਇੱਕ ਇਤਿਹਾਸਕ ਸਥਾਨ ਹੈ, ਸਗੋਂ ਸਮਾਜਿਕ ਨਿਆਂ, ਸਮਾਨਤਾ ਅਤੇ ਮਾਣ- ਸਨਮਾਨ ਦੇ ਲਈ ਸੰਘਰਸ਼ ਦਾ ਪ੍ਰਤੀਕ ਹੈ।

ਇਸ ਮੌਕੇ ਭਵਨਦੀਪ ਸਿੰਘ , ਸਾਬਕਾ ਸਰਪੰਚ ਨਛੱਤਰ ਸਿੰਘ, ਮਿੰਦੂ , ਸਾਬਕਾ ਪੰਚ ਦਲਵਾਰਾ ਸਿੰਘ, ਗੋਪੀ, ਮਨਪ੍ਰੀਤ ਸਿੰਘ , ਮਾਂ. ਪੁਸ਼ਵਿੰਦਰ ਸਿੰਘ ਚੰਗਣ, ਜਗਜੀਤ ਸਿੰਘ ( ਹੇਅਰ ਕੱਟ) , ਕੁਲਦੀਪ ਸਿੰਘ (ਸੋਨੂੰ) , ਪੰਚ ਰਾਮ ਰਤਨ ਸਿੰਘ, ਤੇਜਾ ਸਿੰਘ, ਅਜੀਤਪਾਲ ਸਿੰਘ, ਸੁਖਦੀਪ ਸਿੰਘ ਲਾਡੀ, ਖੁਸ਼ਦੀਪ ਸਿੰਘ , ਢਾਡੀ ਗੁਰਪ੍ਰੀਤ ਸਿੰਘ, ਪੰਚ ਗੁਰਦੀਪ ਸਿੰਘ, ਹਰਪਾਲ ਸਿੰਘ ਅਤੇ ਹੋਰ ਨੌਜਵਾਨ ਵੀਰ, ਬਜ਼ੁਰਗ ਹਾਜ਼ਰ ਸਨ।

## ਪਿੰਡ ਦੀਪਗੜ੍ਹ ਵਿਖੇ ਮਾਤਾ ਗੁਰਦੇਵ ਕੌਰ ਢਿੱਲੋਂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ


ਵਰਲਡ ਪੰਜਾਬੀ ਟਾਈਮਜ਼ – ਜਗਮੋਹਨ ਸ਼ਾਹ ਰਾਏਸਰ



ਮਹਿਲ ਕਲਾਂ, 2 ਜਨਵਰੀ : ਉਘੇ ਸਿੱਖਿਆ ਸ਼ਾਸ਼ਤਰੀ ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ, ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਦੇ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਅਤੇ ਕਰਮ ਸਿੰਘ ਢਿੱਲੋਂ ਦੀਪਗੜ੍ਹ ਦੇ ਸਤਿਕਾਰਯੋਗ ਮਾਤਾ ਗੁਰਦੇਵ ਕੌਰ ਢਿੱਲੋਂ ਅਕਾਲ ਚਲਾਣਾ ਕਰ ਗਏ ਹਨ । ਉਨ੍ਹਾਂ ਦੇ ਅੰਤਿਮ ਸਸਕਾਰ ਮੌਕੇ ਵੱਖ ਵੱਖ ਸਿਆਸੀ, ਧਾਰਮਿਕ, ਸਮਾਜਿਕ ਆਗੂਆਂ ਤੋਂ ਇਲਾਵਾ ਪੱਤਰਕਾਰ ਭਾਈਚਾਰੇ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਢਿੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਵੱਖ ਵੱਖ ਸੰਸਥਾਵਾਂ, ਮੁਹਤਬਰਾਂ, ਰਿਸ਼ਤੇਦਾਰਾਂ ਤੋਂ ਇਲਾਵਾ ਪ੍ਰੈੱਸ ਕਲੱਬ ਮਹਿਲ ਕਲਾਂ ਦੇ ਸਰਪ੍ਰਸਤ ਅਵਤਾਰ ਸਿੰਘ ਅਣਖੀ, ਵਿੱਤ ਸਕੱਤਰ ਬਲਵਿੰਦਰ ਸਿੰਘ ਵਜੀਦਕੇ, ਚੇਅਰਮੈਨ ਸੋਨੀ ਮਾਂਗੇਵਾਲ, ਡਾ: ਜਗਰਾਜ ਸਿੰਘ ਮੂੰਮ, ਬਲਜੀਤ ਸਿੰਘ ਪੰਡੋਰੀ ਲੋਕ ਸੰਪਰਕ ਵਿਭਾਗ ਬਰਨਾਲਾ ਵਲੋਂ ਦੁਸ਼ਾਲੇ ਭੇਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਮਾਤਾ ਗੁਰਦੇਵ ਕੌਰ ਢਿੱਲੋਂ ਦੀ ਚਿਖਾ ਨੂੰ ਅਗਨੀ ਵੱਡੇ ਸਪੁੱਤਰ ਭੁਪਿੰਦਰ ਸਿੰਘ ਢਿੱਲੋਂ, ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ, ਕਰਮ ਸਿੰਘ ਢਿੱਲੋਂ, ਪੋਤਰੇ ਸੁਖਰਾਜ ਸਿੰਘ ਰਾਜੂ ਕੈਨੇਡੀਅਨ ਤੇ ਰਾਜਦੀਪ ਸਿੰਘ ਢਿੱਲੋਂ ਵਲੋਂ ਦਿੱਤੀ ਗਈ। ਇਸ ਮੌਕੇ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਬਿੱਕਰ ਸਿੰਘ ਮਾਛੀਕੇ, ਜਗਤਾਰ ਸਿੰਘ ਸੈਦੋਕੇ ਪ੍ਰਧਾਨ ਲੈਕਚਰਾਰ ਯੂਨੀਅਨ, ਆਪ ਆਗੂ ਜੋਗਿੰਦਰ ਸਿੰਘ ਮਠਾੜੂ, ਸਰਪੰਚ ਅੰਗਰੇਜ ਸਿੰਘ ਢਿੱਲੋਂ, ਹਾਕਮ ਸਿੰਘ ਸਮਾਧ ਭਾਈ, ਗੁਰਚਰਨ ਸਿੰਘ ਰਾਮਾ, ਵਿਨੋਦ ਕਲਸੀ ਭਦੌੜ, ਪਰਮਜੀਤ ਸਿੰਘ ਸਿੱਧੂ ਗਹਿਲ, ਹੈੱਡਮਾਸਟਰ ਹਰਿੰਦਰ ਸਿੰਘ ਚਾਹਲ, ਚੇਅਰਮੈਨ ਪੱਪੂ ਗਰਗ, ਡਾ: ਬਲਵਿੰਦਰ ਸਿੰਘ ਦੀਪਗੜ੍ਹ, ਸਾਬਕਾ ਸਰਪੰਚ ਤਕਵਿੰਦਰ ਸਿੰਘ ਢਿੱਲੋਂ, ਤੇ ਜਗਤਾਰ ਸਿੰਘ ਢਿੱਲੋਂ, ਨਿਰਮਲ ਸਿੰਘ ਢਿੱਲੋਂ, ਭਗਵੰਤ ਸਿੰਘ ਢਿੱਲੋਂ, ਹਰਨੇਕ ਸਿੰਘ ਪ੍ਰੇਮੀ, ਗੁਰਪ੍ਰੀਤ ਸਿੰਘ ਗੋਪੀ, ਸਮੂਹ ਸਟਾਫ ਦਸ਼ਮੇਸ਼ ਪਬਲਿਕ ਸਕੂਲ ਬਿਲਾਸਪੁਰ ਹਾਜ਼ਰ ਸੀ। ਮਾਤਾ ਗੁਰਦੇਵ ਕੌਰ ਢਿੱਲੋਂ ਨਮਿੱਤ ਪਾਠ ਦਾ ਭੋਗ, ਸ਼ਰਧਾਂਜਲੀ ਸਮਾਗਮ 9 ਜਨਵਰੀ, ਦਿਨ ਵੀਰਵਾਰ ਨੂੰ ਇਕ ਵਜੇ ਗੁਰਦੁਆਰਾ ਸਾਹਿਬ ਪਿੰਡ ਦੀਪਗੜ੍ਹ (ਬਰਨਾਲਾ) ਵਿਖੇ ਹੋਵੇਗਾ।

ਵਰਲਡ ਪੰਜਾਬੀ ਟਾਈਮਜ਼ 02 ਜਨਵਰੀ 2025 ਦਿਨ ਵੀਰਵਾਰ

# ਟੀ.ਵੀ.ਕੱਟਾਮਨੀ ਦੀ ਵਿਦਿਅਕ ਸਵੈ-ਜੀਵਨੀ 'ਜੰਗਲੀ ਉਪ-ਕੁਲਪਤੀ ਦੀ ਕਥਾ' ਪ੍ਰੇਰਨਾਦਾਇਕ










ਟੀ.ਵੀ.ਕੱਟੀਮਨੀ ਸਾਬਕਾ ਉਪ-ਕੁਲਪਤੀ 'ਇੰਦਰਾ ਗਾਂਧੀ ਰਾਸ਼ਟਰੀ ਜਨਜਾਤੀ ਵਿਸ਼ਵਵਿਦਿਆਲਾ, ਅਮਰਕੰਟਕ' ਦੀ ਸਵੈ-ਜੀਵਨੀ 'ਜੰਗਲੀ ਉਪ-ਕੁਲਪਤੀ ਦੀ ਕਥਾ' ਵਿਦਿਆਰਥੀਆਂ/ਅਧਿਆਪਕਾਂ/ਵਿਦਿਆ ਸ਼ਾਸ਼ਤਰੀਆਂ ਅਤੇ ਖਾਸ ਤੌਰ 'ਤੇ ਖੋਜੀਆਂ ਲਈ ਆਪਣਾ ਵਿਦਿਅਕ ਕੈਰੀਅਰ ਬਣਾਉਣ ਵਾਸਤੇ ਪ੍ਰੇਰਨਦਾਇਕ ਸਾਬਤ ਹੋਵੇਗੀ। ਟੀ.ਵੀ.ਕੱਟੀਮਨੀ ਹਿੰਦੀ ਦੇ ਪ੍ਰੋਫ਼ੈਸਰ ਵਿਦਵਾਨ ਸਾਹਿਤਕਾਰ ਹਨ, ਜਿਨ੍ਹਾਂ ਨੇ ਹੁਣ ਤੱਕ 18 ਪੁਸਤਕਾਂ ਲਿਖਿਆਂ ਹਨ, ਜਿਹੜੀਆਂ ਉਸਦੀ ਵਿਦਵਤਾ ਦਾ ਪ੍ਰਮਾਣ ਹਨ। ਭਾਰਤ ਇੱਕ ਵਿਸ਼ਾਲ, ਬਹੁ ਭਾਸ਼ਾਈ, ਨਸਲੀ, ਜ਼ਾਤਪਾਤ, ਰੰਗ/ਰੂਪ ਅਤੇ ਕੌਮੀ ਅਨੇਕਤਾ ਵਿੱਚ ਏਕਤਾ ਕਹਾਉਣ ਵਾਲਾ ਦੇਸ਼ ਹੈ। ਭਾਰਤ ਦੇ ਲੋਕ ਆਦਿਵਾਸੀਆਂ/ਕਬੀਲਿਆਂ ਦੇ ਲੋਕਾਂ ਪ੍ਰਤੀ ਉਸਾਰੂ ਸੋਚ ਨਹੀਂ ਰੱਖਦੇ, ਉਨ੍ਹਾਂ ਨੂੰ ਜੰਗਲੀ ਤੱਕ ਕਿਹਾ ਜਾਂਦਾ ਹੈ। ਦੇਸ ਨੂੰ ਆਜ਼ਾਦ ਹੋਇਆਂ ਭਾਵੇਂ 78 ਸਾਲ ਹੋ ਗਏ ਹਨ ਪ੍ਰੰਤੂ ਅਜੇ ਤੱਕ ਵੀ ਹਰ ਤਰ੍ਹਾਂ ਦਾ ਨਸਲੀ/ਰੰਗ ਭੇਦ ਬਰਕਰਾਰ ਹੈ। ਚਰਚਾ ਅਧੀਨ ਸਵੈ-ਜੀਵਨੀ 'ਜੰਗਲੀ ਉਪ-ਕੁਲਪਤੀ ਦੀ ਕਥਾ' ਵੀ ਇੱਕ ਆਦਿਵਾਸੀ ਸਿੱਖਿਆ ਸ਼ਾਸ਼ਤਰੀ ਸਾਬਕਾ ਉਪ-ਕੁਲਪਤੀ ਦੀ ਯੂਨੀਵਰਸਿਟੀ ਵਿੱਚ ਵਿਦਿਅਕ ਵਾਤਵਰਨ ਬਣਾਉਣ ਲਈ ਜ਼ਿੰਦਗੀ ਦੇ ਸੰਘਰਸ਼ ਦੀ ਕਹਾਣੀ ਹੈ। ਇਹ ਸਵੈ-ਜੀਵਨੀ 'ਜੰਗੀਕਥੇ' ਸਿਰਲੇਖ ਅਧੀਨ ਕੰਨੜ ਭਾਸ਼ਾ ਵਿੱਚ ਪ੍ਰਕਾਸ਼ਤ ਹੋਈ ਸੀ। ਇਸਦਾ ਤੇਲਗੂ, ਤਾਮਿਲ ਅਤੇ ਹਿੰਦੀ ਵਿੱਚ ਅਨੁਵਾਦ ਹੋ ਚੁੱਕਾ ਹੈ, ਮਰਾਠੀ ਵਿੱਚ ਪ੍ਰਕਾਸ਼ਨਾ ਅਧੀਨ ਹੈ। ਇਹ ਵਿਦਿਅਕ ਸਵੈ-ਜੀਵਨੀ ਨੂੰ ਪੰਜਾਬੀ ਰੂਪ ਜ਼ਮੀਰਪਾਲ ਕੌਰ ਸੰਧੂ ਬਾਜਵਾ ਨੇ ਦਿੱਤਾ ਹੈ। ਜ਼ਮੀਰਪਾਲ ਕੌਰ ਸੰਧੂ ਬਾਜਵਾ ਦਾ ਪੰਜਾਬੀ ਰੂਪ ਪੜ੍ਹਕੇ ਇਉਂ ਮਹਿਸੂਸ ਹੋ ਰਿਹਾ ਹੈ, ਜਿਵੇਂ ਇਹ ਪੰਜਾਬੀ ਦੀ ਮੌਲਿਕ ਸਵੈ-ਜੀਵਨੀ ਹੋਵੇ। ਅਨੁਵਾਦਕ ਨੇ 'ਜੰਗਲੀ ਉਪ ਕੁਲਪਤੀ ਦੀ ਕਥਾ' ਦੀ ਰੂਹ ਪੰਜਾਬੀ ਰੂਪ ਵਿੱਚ ਪ੍ਰਵੇਸ਼ ਕਰ ਦਿੱਤੀ ਹੈ। ਇਹੋ ਅਨੁਵਾਦਕਾ ਦੀ ਕਮਾਲ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਸਵੈ-ਜੀਵਨੀ ਦਾ ਨਾਮ ਹੀ ਪੁਸਤਕ ਪੜ੍ਹਨ ਲਈ ਦਿਲਚਸਪੀ ਪੈਦਾ ਕਰਦਾ ਹੈ। ਜਦੋਂ ਪਾਠਕ ਪੜ੍ਹਨ ਲੱਗਦਾ ਹੈ ਤਾਂ ਅੱਧ ਵਿਚਕਾਰ ਪੂਰੀ ਪੜ੍ਹੀ ਬਿਨਾ ਛੱਡ ਨਹੀਂ ਸਕਦਾ। ਇਸ ਸਵੈ-ਜੀਵਨੀ ਦਾ ਆਮ ਜੀਵਨੀਆਂ ਨਾਲੋਂ ਫ਼ਰਕ ਹੈ ਕਿ ਇਸ ਵਿੱਚ ਟੀ.ਵੀ.ਕੱਟੀਮਨੀ ਨੇ ਮੱਧ ਪ੍ਰਦੇਸ਼ ਦੀ 'ਇੰਦਰਾ ਗਾਂਧੀ ਰਾਸ਼ਟਰੀ ਜਨਜਾਤੀ ਵਿਸ਼ਵਵਿਦਿਆਲਾ, ਅਮਰਕੰਟਕ' ਦਾ ਉਪ-ਕੁਲਪਤੀ ਨਿਯੁਕਤ ਹੋਣ ਤੋਂ ਬਾਅਦ, ਵਿਦਿਆਲਾ ਦੀ ਉਸਾਰੀ ਅਤੇ ਉਸਨੂੰ ਸਥਾਪਤ ਕਰਨ ਸਮੇਂ ਆਦਿਵਾਸੀ ਹੋਣ ਕਰਕੇ ਜਿਹੜੀਆਂ ਮੁਸ਼ਕਲਾਂ ਪੇਸ਼ ਆਈਆਂ ਸਨ, ਉਨ੍ਹਾਂ ਬਾਰੇ ਵਿਆਖਿਆ ਨਾਲ ਕੀਤੀ ਜਦੋਜਹਿਦ ਦਾ ਵਰਣਨ ਕੀਤਾ ਹੈ। ਇਨ੍ਹਾਂ ਮੁਸ਼ਕਲਾਂ 'ਤੇ ਕਾਬੂ ਪਾ ਕੇ ਸਫ਼ਲਤਾ ਦੇ ਝੰਡੇ ਗੱਡਣ ਦੀ ਕਹਾਣੀ ਨੂੰ ਦਿਲਚਸਪ ਢੰਗ ਨਾਲ ਲਿਖਿਆ ਹੈ। ਜੀਵਨੀਕਾਰ ਨੇ ਇਸ ਪੁਸਤਕ ਨੂੰ 25 ਛੋਟੇ-ਵੱਡੇ ਭਾਗਾਂ ਵਿੱਚ ਵੰਡਿਆ ਹੈ, ਜਿਨ੍ਹਾਂ ਵਿੱਚ ਪੂਰੀ ਕਹਾਣੀ ਵਰਣਨ ਕੀਤੀ ਹੈ। ਇਹ ਸਵੈ-ਜੀਵਨੀ ਪੜ੍ਹਨ ਤੋਂ ਇਹ ਪਤਾ ਲੱਗਦਾ ਹੈ ਕਿ ਜੇਕਰ ਕਿਸੇ ਇਨਸਾਨ ਦਾ ਇਰਾਦਾ ਮਜ਼ਬੂਤ, ਨਿਸ਼ਾਨਾ ਨਿਸਚਤ, ਦਿਲ ਸਾਫ਼ ਹੋਵੇ ਤਾਂ ਬੁਲੰਦੀਆਂ 'ਤੇ ਪਹੁੰਚਣ ਨੂੰ ਕੋਈ ਰੋਕ ਨਹੀਂ ਸਕਦਾ। ਭਾਵੇਂ ਅਨੇਕਾਂ ਅੜਿਚਣਾ ਆਉਂਦੀਆਂ ਹੋਣ, ਇੱਥੋਂ ਤੱਕ ਕਿ ਪਹਾੜ ਵੀ ਸਰ ਕੀਤੇ ਜਾ ਸਕਦੇ ਹਨ। ਇਹ ਜੰਗਲਾਂ ਵਿੱਚ ਘਿਰਿਆ ਅਤੇ ਆਦਿਵਾਸੀ ਇਲਾਕੇ ਵਿੱਚ ਯੂਨੀਵਰਸਿਟੀ ਕੰਪਲੈਕਸ ਟੀ.ਵੀ.ਕੱਟੀਮਨੀ ਦੀ ਉਸਾਰੂ ਸੋਚ ਦਾ ਪ੍ਰਤੀਕ ਬਣਕੇ ਆਦਿਵਾਸੀਆਂ ਦੀ ਪ੍ਰਤਿਭਾ ਵਿੱਚ ਵਾਧਾ ਕਰਦਾ ਹੈ। ਟੀ.ਵੀ.ਕੱਟੀਮਨੀ ਦੀ ਜੀਵਨੀ ਪੜ੍ਹਨ ਤੋਂ ਇਹ ਪਤਾ ਲੱਗਦਾ ਹੈ ਕਿ ਉਹ ਮੁੱਖ ਤੌਰ 'ਤੇ ਆਪਣੇ ਆਦਿਵਾਸੀਆਂ ਦੀ ਜਦੋਜਹਿਦ ਵਾਲੀ ਰੱਬ ਦੇ ਆਸਰੇ ਛੱਡੀ ਅਵੇਸਲੀ ਜ਼ਿੰਦਗੀ ਨੂੰ ਬਿਹਤਰੀਨ ਬਣਾਉਣੀ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਸਮਾਜ ਦੀ ਅਣਗਹਿਲੀ, ਉਨ੍ਹਾਂ ਦੀ ਆਪਣੀ ਲਾਪ੍ਰਵਾਹੀ, ਅਵੇਸਲਾਪਨ ਦਾ ਸ਼ਿਕਾਰ ਅਤੇ ਮੌਜੀ ਸੁਭਾਅ ਦੇ ਇਹ ਲੋਕ ਜਿਹੜੇ ਸਰਕਾਰੀ ਸਹੂਲਤਾਂ ਤੋਂ ਕੋਹਾਂ ਦੂਰ ਜੰਗਲਾਂ ਵਿੱਚ ਰਹਿੰਦੇ ਹੋਏ, ਜੰਗਲੀ ਬੂਟੀਆਂ ਦੀ ਖ਼ੁਰਾਕ ਨਾਲ ਜੀਵਨ ਬਸਰ ਕਰਦੇ ਹਨ, ਉਨ੍ਹਾਂ ਨੂੰ ਵੀ ਬਾਕੀ ਸਮਾਜ ਦੀ ਤਰ੍ਹਾਂ ਆਜ਼ਾਦੀ ਦੀਆਂ ਬਰਕਤਾਂ ਦਾ ਲਾਭ ਮੁਹੱਈਆ ਕਰਵਾਇਆ ਜਾਵੇ। ਇਸ ਕਰਕੇ ਹੀ ਉਸਨੇ ਯੂਨੀਵਰਸਿਟੀ ਦਾ ਪਹਿਲਾਂ ਵੱਖ-ਵੱਖ ਵਿਭਾਗ ਖੋਲ੍ਹਕੇ, ਉਨ੍ਹਾਂ ਦੀ ਉਸਾਰੀ ਵਿੱਚ ਨਿੱਜੀ ਦਿਲਚਸਪੀ ਲੈਂਦਿਆਂ ਵਿਕਾਸ ਕੀਤਾ ਤੇ ਫਿਰ ਉਸ ਯੂਨੀਵਰਸਿਟੀ ਦੇ ਸੀਮਤ ਸਾਧਨਾ ਰਾਹੀਂ, ਜੰਗਲੀ ਲੋਕਾਂ ਦੀ ਭਲਾਈ ਕਰਨ ਨੂੰ ਪਹਿਲ ਦਿੱਤੀ, ਭਾਵੇਂ ਉਸਨੂੰ ਜੰਗਲੀ/ ਕਾਲਾ/ ਆਦਿਵਾਸੀ ਕਹਿਕੇ ਨਿੰਦਿਆ ਵੀ ਗਿਆ। ਉਸਨੇ ਆਪਣੇ ਸਮਾਜਕ ਸਟੇਟਸ ਨੂੰ ਦਾਅ 'ਤੇ ਲਾ ਕੇ ਆਦਿਵਾਸੀਆਂ ਦੀ ਸਮਾਜਿਕ, ਆਰਥਿਕ, ਸਭਿਅਚਾਰਿਕ ਅਤੇ ਵਿਦਿਅਕ ਹਾਲਤ ਸੁਧਾਰਨ ਲਈ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਸਨ। ਮੁੱਖ ਮੰਤਵ ਤਾਂ ਕੱਟਾਮਨੀ ਦਾ ਇਹੋ ਸੀ ਕਿ ਆਦਿਵਾਸੀ ਲੋਕਾਂ ਦੀ ਬਿਹਤਰੀ ਲਈ ਹਰ ਕਦਮ ਚੁੱਕਿਆ ਜਾਵੇ ਕਿਉਂਕਿ ਸਰਕਾਰ ਨੇ ਉਨ੍ਹਾਂ ਦੇ ਸਮਤੁਲ ਵਿਕਾਸ ਲਈ ਇਹ ਯੂਨੀਵਰਸਿਟੀ ਸਥਾਪਤ ਕੀਤੀ ਸੀ। ਯੂਨੀਵਰਸਿਟੀ ਦੀ ਉਸ ਸਮੇਂ ਦੀ ਸਥਿਤੀ ਅਤੇ ਜੀਵਨੀਕਾਰ ਨੇ ਜੋ ਸੁਪਨੇ ਸਿਰਜੇ ਉਨ੍ਹਾਂ ਬਾਰੇ ਬਾਕਮਾਲ ਢੰਗ ਨਾਲ ਜਾਣਕਾਰੀ ਦਿੱਤੀ ਹੈ, ਕਿਉਂਕਿ ਆਦਿਵਾਸੀ ਇਲਾਕੇ ਦੇ ਵਿੱਚ ਇਹ ਯੂਨੀਵਰਸਿਟੀ ਬਿਲਕੁਲ ਨਵੀਂ ਬਣੀ ਸੀ, ਇਸ ਦਾ ਢਾਂਚਾ ਉਸਾਰਨ ਲਈ ਯੋਗ ਢੰਗ ਨਾਲ ਤਰਤੀਬ ਦੇਣੀ ਜ਼ਰੂਰੀ ਸੀ। ਟੀ.ਵੀ.ਕੱਟੀਮਨੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸ਼ਹਿਨਸ਼ੀਲਤਾ ਰੱਖਦੇ ਹੋਏ ਤਰਤੀਬ ਅਨੁਸਾਰ ਯੂਨੀਵਰਸਿਟੀ ਦੇ ਹਿੱਤ ਲਈ ਸਾਰੇ ਕਦਮ ਚੁੱਕੇ, ਜਿਨ੍ਹਾਂ ਵਿੱਚ ਸਫ਼ਾਈ ਦੇ ਨਾਕਸ ਪ੍ਰਬੰਧਾਂ ਅਤੇ ਉਨ੍ਹਾਂ ਨੂੰ ਠੀਕ ਕਰਨ ਲਈ ਰਸਤੇ ਵਿੱਚ ਆ ਰਹੀਆਂ ਮੁਸ਼ਕਲਾਂ ਅਤੇ ਸੀਨੀਅਰ ਫੈਕਲਟੀ ਮੈਂਬਰਾਂ ਵੱਲੋਂ ਸਹਿਯੋਗ ਨਾ ਦੇਣਾ, ਇੱਥੋਂ ਤੱਕ ਕਿ ਵਿਅੰਗ ਨਾਲ ਸਫ਼ਾਈ ਲਈ ਉਪ-ਕੁਲਪਤੀ ਨੂੰ ਭਾਰਤ ਰਤਨ ਵਰਗਾ ਸਰਵੋਤਮ ਸਨਮਾਨ ਲੈਣਾਂ ਵੀ ਕਿਹਾ ਗਿਆ ਪ੍ਰੰਤੂ ਉਹ ਪਿੱਛੇ ਨਹੀਂ ਹਟੇ, ਸਗੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ ਸਫ਼ਾਈ ਪ੍ਰਬੰਧ ਕਾਬਲੇਤਾਰੀਫ਼ ਕੀਤੇ। ਯੂਨੀਵਰਸਿਟੀ ਕੰਪਲੈਕਸ ਵਿੱਚ ਪੀਣ ਵਾਲੇ ਪਾਣੀ ਦੀ ਘਾਟ ਪੂਰੀ ਕਰਨ ਲਈ ਕੁਦਰਤੀ ਸੋਮਿਆਂ/ਨਾਲਿਆਂ 'ਤੇ ਬੰਨ੍ਹ ਮਾਰਕੇ ਝੀਲ ਬਣਾਈ ਤੇ ਪਾਣੀ ਦੀ ਸਮੱਸਿਆ ਖ਼ਤਮ ਹੋਣ ਦੇ ਨਾਲ ਸੈਰਗਾਹ ਬਣ ਗਈ। 374 ਏਕੜ ਦੇ ਕੰਪਲੈਕਸ ਵਿੱਚ ਸਜਾਵਟੀ/ਫਲਦਾਰ ਰੁੱਖ/ਪੌਦੇ ਲਗਵਾ ਕੇ ਪੰਜ ਸਾਲਾਂ ਵਿੱਚ ਮਨਮੋਹਕ ਹਰਿਆਵਲ ਵਾਲਾ ਵਾਤਾਵਰਨ ਬਣਾਇਆ। ਜੰਗਲੀ ਇਲਾਕਾ ਹੋਣ ਕਰਕੇ ਜੜ੍ਹੀਆਂ ਬੂਟੀਆਂ ਬਹੁਤ ਹੁੰਦੀਆਂ ਹਨ, ਜਿਹੜੀਆਂ ਬਹੁਤੀਆਂ ਮਾਨਵਤਾ ਦੀਆਂ ਬਿਮਾਰੀਆਂ ਤੋਂ ਰੋਕ ਥਾਮ ਲਈ ਕੰਮ ਆਉਂਦੀਆਂ ਹਨ। ਇਸ ਮੰਤਵ ਲਈ ਜੜ੍ਹੀ ਬੂਟੀ ਬਾਗ ਦੀ ਸਥਾਪਨਾ ਕੀਤੀ ਗਈ, ਲੁਪਤ ਹੋ ਰਹੀਆਂ ਜੜ੍ਹੀਆਂ ਬੂਟੀਆਂ ਨੂੰ ਸਾਂਭਣ ਦਾ ਕਾਰਜ਼ ਕੀਤਾ ਗਿਆ ਅਤੇ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਨਵੇਂ ਸਥਾਨਕ ਲੋੜਾਂ ਅਨੁਸਾਰ ਵਿਭਾਗ ਖੋਲ੍ਹਕੇ ਲੋਕਾਂ ਦੇ ਹਿਤਾਂ ਦਾ ਧਿਆਨ ਰੱਖਣ ਦੀ ਜ਼ਿੰਮੇਵਾਰੀ ਨਿਭਾਈ। ਕਿਸਾਨਾਂ ਨੂੰ ਖੇਤੀਬਾੜੀ ਕਰਨ ਲਈ ਉਤਸ਼ਾਹਤ ਕਰਨ ਲਈ ਸਰਕਾਰਾਂ ਨਾਲ ਤਾਲਮੇਲ ਕਰਕੇ ਯੂਨੀਵਰਸਿਟੀ ਵਿੱਚ ਖੇਤੀ ਵਿਗਿਆਨ ਕੇਂਦਰ ਖੋਲ੍ਹਿਆ ਗਿਆ, ਜਿਸਦਾ ਆਲੇ ਦੁਆਲੇ ਦੇ ਲੋਕਾਂ ਨੇ ਫਾਇਦਾ ਉਠਾਇਆ। ਟੀ.ਵੀ.ਕੱਟੀਮਨੀ ਦੀ ਸਥਾਨਕ ਲੋਕਾਂ ਨਾਲ ਹੋ ਰਹੇ ਸ਼ੋਸ਼ਣ ਲਈ ਹਮਦਰਦੀ, ਉਨ੍ਹਾਂ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਦੇ ਉਪਰਾਲੇ ਸਲਾਹੁਣਯੋਗ ਹਨ। ਇੱਕ ਉਪ-ਕੁਲਪਤੀ ਕਿਤਨੀ ਦਿਲਚਸਪੀ ਲੈ ਕੇ ਯੂਨੀਵਰਸਿਟੀ ਅਤੇ ਸਥਾਨਕ ਲੋਕਾਂ ਦੀ ਸਥਾਪਤੀ ਲਈ ਸੰਵੇਦਨਸ਼ੀਲ ਹੈ, ਭਾਵੇਂ ਉਸਦੀ ਕਿਰਦਾਰਕੁਸ਼ੀ ਵੀ ਕੀਤੀ ਜਾ ਰਹੀ ਹੈ। ਵਿਸ਼ਵਵਿਦਿਆਲੇ ਨੂੰ ਰਾਸ਼ਟਰੀ ਰੂਪ ਦੇਣ ਲਈ ਕੀਤੇ ਗਏ ਕਾਰਜਾਂ ਦਾ ਵਿਵਰਣ ਅਤੇ ਉਪ-ਕੁਲਪਤੀ ਵਿਰੋਧੀ ਕੁਝ ਲੋਕਾਂ ਦੀਆਂ ਘਟੀਆਂ ਹਰਕਤਾਂ ਬਾਰੇ ਜਾਣਕਾਰੀ ਤੱਥਾਂ ਦੇ ਨਾਲ ਦਿੱਤੀ ਗਈ ਹੈ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਇਮਾਨਦਾਰੀ ਨਾਲ ਕੀਤਾ ਕੰਮ ਹਮੇਸ਼ਾ ਸਹੀ ਹੁੰਦਾ ਹੈ। ਉਪ-ਕੁਲਪਤੀ ਸਥਾਨਕ ਆਦਿਵਾਸੀਆਂ ਦੀਆਂ ਲੋੜਾਂ, ਰੋਜ਼ਗਾਰ ਅਤੇ ਕਲਾ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਰੋਜ਼ਗਾਰ ਅਤੇ ਮਨੋਰੰਜਨ ਲਈ ਪਲਾਸ਼ ਟਰਾਈਬਲ ਗਰੁਪ ਦੀ ਸਥਾਪਨਾ ਅਤੇ ਗੋਂਡੀ ਕਲਾ ਦੀ ਪ੍ਰਫੁਲਤਾ ਲਈ ਚਿਤਰਕਲਾ ਨੂੰ ਉਤਸ਼ਾਹਤ ਕੀਤਾ ਗਿਆ। ਯੂਨੀਵਰਸਿਟੀ ਵਿੱਚ ਰੋਜ਼ਗਾਰ ਦੇਣ ਵਾਲੇ ਵਿਭਾਗਾਂ ਦੀ ਸਥਾਪਨਾ ਕੀਤੀ ਗਈ। ਯੂਨੀਵਰਸਿਟੀ ਵਿੱਚ ਕੰਮ ਕਰਨ ਵਾਲਿਆਂ ਵਿੱਚ ਸਾਂਝ, ਮਿਲਵਰਤਨ ਤੇ ਸਹਿਯੋਗ ਬਣਾਉਣ ਲਈ ਦੀਵਾਲੀ, ਹੋਲੀ ਅਤੇ ਨਵਾਂ ਸਾਲ ਇਕੱਠਿਆਂ ਮਨਾਉਣੇ ਸ਼ੁਰੂ ਕੀਤੇ। ਆਦਿਵਾਸੀਆਂ ਦੇ ਬੱਚਿਆਂ ਨੂੰ ਪ੍ਰਾਇਮਰੀ ਤੋਂ ਪੜ੍ਹਾਉਣ ਲਈ ਏਕਲਵਿਆ ਕਿੰਡਰਗਾਰਟਨ, ਆਦਿਵਾਸੀ ਸਕੂਲ ਅਤੇ ਕੇਂਦਰੀ ਵਿਦਿਆਲਾ ਸਰਕਾਰ ਤੋਂ ਪ੍ਰਵਾਨਗੀ ਲੈ ਕੇ ਚਾਲੂ ਕੀਤੇ ਤਾਂ ਜੋ ਉਨ੍ਹਾਂ ਦੇ ਸਮਾਜਿਕ ਸਟੇਟਸ ਨੂੰ ਵਧਾਇਆ ਜਾ ਸਕੇ। 'ਜੈਪਾਲ ਸਿੰਘ ਮੁੰਡਾ ਖੇਡ ਕੰਪਲੈਕਸ' ਦੀ ਬਿਹਤਰੀਨ ਉਸਾਰੀ ਅਤੇ ਰਸਤੇ ਦੀਆਂ ਰੁਕਾਵਟਾਂ ਦਾ ਵਰਣਨ, 'ਰਾਮਦਿਆਲ ਮੁੰਡਾ ਕੇਂਦਰੀ ਪੁਸਤਕਾਲਾ' ਦੀ ਉਸਾਰੀ ਤੇ ਉਸ ਵਿੱਚ ਗੋਂਡੀ ਚਿੱਤਰਕਾਰੀ ਕਰਵਾਕੇ ਆਦਿਵਾਸੀਆਂ ਦੀ ਕਲਾ ਨੂੰ ਪ੍ਰਦਰਸ਼ਤ ਕੀਤਾ ਗਿਆ। ਵਿਸ਼ਵਵਿਦਿਆਲਾ ਵਿੱਚ ਠੇਕੇਦਾਰੀ ਪ੍ਰਣਾਲੀ ਨਾਲ ਮੈਸ ਬਣਾਉਣ ਤੇ ਚਲਾਉਣ ਦੀਆਂ ਉਲਝਣਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਆਦਿਵਾਸੀਆਂ ਵਿੱਚ ਵਿਗਿਆਨ ਬਾਰੇ ਚੇਤਨਤਾ ਅਤੇ ਨਵੀਨਤਾ ਸੰਬੰਧੀ ਚੁੱਕੇ ਗਏ ਕਦਮਾ ਦੀ ਜਾਣਕਾਰੀ ਦਿੱਤੀ ਹੈ ਕਿਉਂਕਿ ਵਿਗਿਆਨ ਤੋਂ ਬਿਨਾ ਤਰੱਕੀ ਸੰਭਵ ਨਹੀਂ। ਆਦਿਵਾਸੀਆਂ ਦੀਆਂ ਬੀਮਾਰੀਆਂ ਅਤੇ ਉਨ੍ਹਾਂ ਦੇ ਇਲਾਜ਼ ਲਈ ਖੋਜਾਂ ਅਤੇ ਸਿਹਤ ਸਹੂਲਤਾਂ ਦੇ ਪ੍ਰਬੰਧ ਸਰਕਾਰ ਨਾਲ ਤਾਲਮੇਲ ਕਰਕੇ ਕੀਤੇ ਗਏ। ਬਾਰੇ ਜਾਣਕਾਰੀ ਦਿੱਤੀ ਗਈ ਹੈ। ਆਦਿਵਾਸੀਆਂ ਨੂੰ ਦਿੱਤੀ ਜਾ ਰਹੀ ਵਿਦਿਅਕ ਅੱਖਰੀ ਪੜ੍ਹਾਈ ਦੇ ਨਤੀਜਿਆ ਅਤੇ ਇਨ੍ਹਾਂ ਦੇ ਮੁਲਾਂਕਣ ਦੇ ਪ੍ਰਬੰਧਾਂ ਵਿੱਚ ਸੁਧਾਰ ਦੀਆਂ ਤਰਕੀਬਾਂ ਦੱਸੀਆਂ ਗਈਆਂ। ਅਮਰਕੰਟਕ ਇਲਾਕੇ ਵਿੱਚ ਕੰਨੜ ਭਾਸ਼ਾ ਦੇ ਪ੍ਰਸਾਰ ਤੇ ਸੰਚਾਰ ਦੇ ਢੰਗ ਤਰੀਕੇ ਦਰਸਾਏ ਗਏ ਹਨ। ਟੀ.ਵੀ.ਕੱਟਾਮਨੀ ਨੇ ਰਾਸ਼ਟਰਪਤੀ ਨਾਲ ਨਾਰਵੇ ਅਤੇ ਸਵੀਡਨ ਦੀ ਯਾਤਰਾ ਸੰਬੰਧੀ ਜਾਣਕਾਰੀ ਦਿੱਤੀ ਹੈ, ਜਿਸ ਸਮੇਂ ਦੋਵੇਂ ਦੇਸ਼ਾਂ ਵਿੱਚ ਅਮਰਕੰਟਕ ਯੂਨੀਵਰਸਿਟੀ ਦੇ ਐਮ.ਓ.ਯੂ 'ਤੇ ਇੱਕ ਆਦਿਵਾਸੀ ਨੂੰ ਦਸਤਖਤ ਕਰਨ ਦਾ ਮਾਣ ਮਿਲਿਆ। ਇਸ ਤੋਂ ਇਲਾਵਾ ਰਾਸ਼ਟਰਪਤੀ ਭਵਨ ਵਿੱਚ ਸਾਲਾਨਾ ਮੀਟਿੰਗ ਵਿੱਚ ਸ਼ਾਮਲ ਹੋਣ ਦੇ ਮੌਕੇ ਬਾਰੇ ਵੀ ਵਿਸਤਰਿਤ ਜਾਣਕਾਰੀ ਦਿੱਤੀ ਹੈ। ਮਣੀਪੁਰ ਵਿਚਲੇ ਯੂਨੀਵਰਸਿਟੀ ਦੇ ਰੀਜਨਲ ਕੇਂਦਰ ਦੀ ਰਾਜਨੀਤੀ ਅਤੇ ਇੱਥੋਂ ਦੀਆਂ ਮੈਤੀ , ਨਾਗਾ ਤੇ ਕੁਕੀ ਜਨਜਾਤੀ ਦੇ ਸਭਿਅਚਾਰ , ਰਹਿਣ ਸਹਿਣ, ਖਾਣ ਪੀਣ, ਪਹਿਨਣ ਦੀ ਸਿਆਸਤ ਅਤੇ ਵਿਦਿਆਰਥੀਆਂ ਦੀ ਰਾਜਨੀਤੀ ਬਾਰੇ ਦੱਸਿਆ ਗਿਆ ਹੈ ਕਿਵੇਂ ਉਹ ਉਪ-ਕੁਲਪਤੀ ਨੂੰ ਬੰਧਕ ਬਣਾਕੇ ਦਬਾਓ ਨਾਲ ਆਪਣੀਆਂ ਮੰਗਾਂ ਮਨਵਾਉਣ ਦਾ ਯਤਨ ਕਰਦੇ ਹਨ। ਇਸ ਇਲਾਕੇ ਵਿੱਚ ਸੰਘ ਦੀਆਂ ਸਿੱਖਿਆ ਬਾਰੇ ਸਰਗਰਮੀਆਂ ਅਤੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਦਰਸਾਇਆ ਗਿਆ ਹੈ। ਟੀ.ਵੀ.ਕੱਟੀਮਨੀ ਨੇ ਦੱਸਿਆ ਉਨ੍ਹਾਂ ਨੂੰ ਕ੍ਰਿਸਚੀਅਨ ਕਹਿ ਕੇ ਭੰਡਿਆ ਗਿਆ ਤੇ ਇਹ ਪ੍ਰਚਾਰ ਕੀਤਾ ਗਿਆ ਕਿ ਉਹ ਹਿੰਦੂਆਂ ਨੂੰ ਕ੍ਰਿਸਚੀਅਨ ਬਣਾ ਰਿਹਾ ਹੈ। ਇਸ ਯੂਨੀਵਰਸਿਟੀ ਦੀ ਘਟੀਆ ਸਿਆਸਤ ਬਾਰੇ ਵੀ ਵਿਸਤਾਰ ਨਾਲ ਦੱਸਿਆ ਗਿਆ ਕਿ ਉਸਨੂੰ ਫੇਲ੍ਹ ਕਰਨ ਲਈ ਸਾਜ਼ਸ਼ਾਂ ਹੋਈਆਂ ਪ੍ਰੰਤੂ ਉਹ ਸਫ਼ਲਤਾ ਨਾਲ ਬਚਕੇ ਨਿਕਲਦਾ ਰਿਹਾ। ਜੀਵਨੀਕਾਰ ਨੇ ਜਨਜਾਤੀਆਂ ਦੇ ਲੋਕਾਂ ਦੀ ਜਨਸੰਖਿਆ, ਸੁਭਾਅ, ਵਿਵਹਾਰ, ਰਹਿਣ ਸਹਿਣ, ਖਾਣ ਪੀਣ ਬਾਰੇ ਸੰਪੂਰਨ ਜਾਣਕਾਰੀ ਦਿੱਤੀ ਹੈ। ਜ਼ਮੀਰਪਾਲ ਕੌਰ ਸੰਧੂ ਬਾਜਵਾ ਨੇ ਇਸ ਸਵੈ-ਜੀਵਨੀ ਦਾ ਪੰਜਾਬੀ ਰੂਪ ਕਰਦਿਆਂ ਕਮਾਲ ਦੀ ਸ਼ਬਦਾਵਲੀ ਵਰਤੀ ਹੈ, ਜਿਹੜੀ ਆਦਿਵਾਸੀਆਂ ਦੀ ਮਾਨਸਿਕਤਾ ਦਾ ਹੂਬਹੂ ਪ੍ਰਗਟਾਵਾ ਕਰਦੀ ਹੈ।

**200 ਪੰਨਿਆਂ, 360 ਰੁਪਏ ਕੀਮਤ ਵਾਲੀ ਇਹ ਸਵੈ-ਜੀਵਨੀ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ।**